# ਪਿਆਰੇ ਵਿਦਿਆਰਥੀਓ!!



7ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2023-24) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।

## 7ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਅਤੇ ਵਿਡੀਓ ਲੈਕਚਰਜ਼ ਦੇ ਲਿੰਕ

| ਮਹੀਨਾ | ਪਾਠ ਅਤੇ ਉਸਦਾ ਨਾਂ | ਵਿਡੀਓ ਲੈਕਚਰ ਦਾ ਲਿੰਕ |
|---|---|---|
| ਅਪ੍ਰੈਲ | ਪਾਠ-1 ਟਾਈਪਿੰਗ ਟਿਊਟਰ | https://youtu.be/GUFCpc_x-DA |
| ਮਈ | ਪਾਠ-2 ਵਿੰਡੋਜ਼ ਐਕਸਪਲੋਰਰ | https://youtu.be/0E3I0GFbMJs |
| ਜੁਲਾਈ | ਪਾਠ-3 ਮਾਈਕਰੋਸਾਫਟ ਵਰਡ (ਭਾਗ-1) | Under Preparation |
| ਅਗਸਤ | ਪਾਠ-4 ਮਾਈਕਰੋਸਾਫਟ ਵਰਡ (ਭਾਗ-2) | https://youtu.be/vvQwkvhAXPI |
| ਅਕਤੂਬਰ | ਪਾਠ-5 ਮਾਈਕਰੋਸਾਫਟ ਵਰਡ (ਭਾਗ-3) | https://youtu.be/OWBofDDSpH0 |
| ਨਵੰਬਰ | ਪਾਠ-6 ਮਾਈਕਰੋਸਾਫਟ ਵਰਡ (ਭਾਗ-4) | https://youtu.be/1s5-qjor608 |
| ਦਸੰਬਰ | ਪਾਠ-7 ਮਲਟੀਮੀਡੀਆ ਨਾਲ ਜਾਣ ਪਛਾਣ | Under Preparation |
| ਜਨਵਰੀ | ਪਾਠ-8 ਸਟੋਰੇਜ਼ ਡਿਵਾਇਸਿਜ਼ | https://youtu.be/HcGdrY9BQiE |

**ਪ੍ਰੈਕਟੀਕਲ ਨਾਲ ਸੰਬੰਧਤ ਵਿਡੀਓ ਲੈਕਚਰਜ਼:**

| | |
|---|---|
| ਵਿੰਡੋਜ਼ ਐਕਸਪਲੋਰਰ | https://youtu.be/XgaC4GRhOgs |

PLEASE DO NOT FORGET TO LIKE, SHARE AND SUBSCRIBE OUR YOUTUBE CHANNEL

YouTube http://youtube.com/c/computersciencepunjab

ਤਿਆਰ ਕਰਤਾ:
ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ
ਕੰਪਿਊਟਰ ਫੈਕਲਟੀ, ਸ਼ਹੀਦ ਉਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਊਧਮ ਸਿੰਘ ਵਾਲਾ (ਸੰਗਰੂਰ)

**6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:**

http://cspunjab.nirmancampus.co.in/study.php

## ਪਾਠ 6
## ਐਮ.ਐਸ. ਵਰਡ (ਭਾਗ-4)

### ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:

**1. ਵੱਖ-ਵੱਖ ਸੈਲਾਂ ਵਿਚ ਵਿਚ ਅੱਗੇ ਜਾਣ ਲਈ ਟੇਬਲ ਵਿਚ ______ ਕੀਅ ਦੀ ਵਰਤੋਂ ਕੀਤੀ ਜਾਂਦੀ ਹੈ।**
ੳ. ਕੰਟਰੋਲ (Ctrl) ਅ. ਸ਼ਿਫਟ (Shift) ੲ. ਟੈਬ (Tab) ਸ. ਹੋਮ (Home)

**2. ਟੇਬਲ ਬਟਨ _______ ਟੈਬ ਤੇ ਮੌਜੂਦ ਹੁੰਦਾ ਹੈ।**
ੳ. ਹੋਮ (Home) ਅ. ਲੇਅ ਆਊਟ (Layout) ੲ. ਇਨਸਰਟ (Insert) ਸ. ਵਿਊ (View)

**3. ਅਸੀਂ ਕਾਲਮ ਦੀ ਚੌੜਾਈ ਟੇਬਲ ਗਰੁੱਪ ਦੇ ________ ਬਟਨ ਤੋਂ ਬਦਲ ਸਕਦੇ ਹਾਂ।**
ੳ. ਸਿਲੈਕਟ (Select) ਅ. ਵਿਊ ਗਰਿੱਡ ਲਾਈਨ (View Gridlines) ੲ. ਪ੍ਰਾਪਰਟੀਜ਼ (Properties) ਸ. ਕੋਈ ਨਹੀਂ

**4. ਇਕ ________ ਕਾਲਮਜ਼ ਅਤੇ ਰੋਅਜ਼ ਤੋਂ ਮਿਲ ਕੇ ਬਣਿਆ ਹੁੰਦਾ ਹੈ।**
ੳ. ਡਾਕੂਮੈਂਟ (Document) ਅ. ਟੇਬਲ (Table) ੲ. ਵਿਊ (View) ਸ. ਡਾਟਾ (Data)

**5. ਇਕ ________ ਕਾਲਮਜ਼ ਅਤੇ ਰੋਅਜ਼ ਦੇ ਕਾਟ ਖੇਤਰ (ਇੰਟਰਸੈਕਸ਼ਨ) ਤੋਂ ਬਣਿਆ ਹੁੰਦਾ ਹੈ।**
ੳ. ਸੈੱਲ (Cell) ਅ. ਟੇਬਲ (Table) ੲ. ਵਿਊ (View) ਸ. ਡਾਟਾ (Data)


### ਪ੍ਰਸ਼ਨ:2 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਕਿਸ ਕੀਅ ਨੂੰ ਪ੍ਰੈਸ ਕਰਨ ਨਾਲ ਕਰਸਰ ਟੇਬਲ ਵਿਚ ਅਗਲੇ ਸੈੱਲ ਵਿਚ ਚਲਾ ਜਾਂਦਾ ਹੈ?**
ੳ: Tab ਕੀਅ

**ਪ੍ਰ:2 ਰੋਅ ਅਤੇ ਕਾਲਮ ਦੇ ਕਾਟ ਖੇਤਰ ਨੂੰ ਕੀ ਕਹਿੰਦੇ ਹਨ?**
ੳ: ਸੈੱਲ

**ਪ੍ਰ:3 ਸਪਲਿੱਟ ਸੈੱਲ ਆਪਸ਼ਨ Layout ਟੈਬ ਦੇ ਕਿਹੜੇ ਗਰੁੱਪ ਵਿਚ ਹੁੰਦੀ ਹੈ?**
ੳ: Merge ਗਰੁੱਪ

**ਪ੍ਰ:4 ਕਿਸ ਆਪਸ਼ਨ ਦੀ ਵਰਤੋਂ ਦੋ ਜਾਂ ਵੱਧ ਸੈੱਲਾਂ ਨੂੰ ਜੋੜਨ ਲਈ ਕੀਤੀ ਜਾਂਦੀ ਹੈ?**
ੳ: Merge Cells ਆਪਸ਼ਨ





### ਪ੍ਰਸ਼ਨ:3 ਖਾਲੀ ਥਾਵਾਂ ਭਰੋ।


I. ______________ ਡਾਟੇ ਨੂੰ ਰੋਅਜ਼ ਅਤੇ ਕਾਲਮਾਂ ਵਿਚ ਲਿਖਣ ਦਾ ਇਕ ਆਸਾਨ ਤਰੀਕਾ ਹੈ।
II. ______________ ਟੈਬ ਦੇ Table ਗਰੁੱਪ ਵਿਚ ਟੇਬਲ ਬਣਾਉਣ ਦੀ ਆਪਸ਼ਨ ਹੁੰਦੀ ਹੈ।
III. ਸੈਲ ਨੂੰ ____________ ਕਰਨ ਦਾ ਅਰਥ ਹੈ ਉਸ ਨੂੰ ਦੋ ਜਾਂ ਦੋ ਤੋਂ ਜਿਆਦਾ ਸੈਲਾਂ ਵਿਚ ਵੰਡਣਾ।
IV. Properties ਬਟਨ ਦੀ ਮਦਦ ਨਾਲ ਟੇਬਲ ਦੀਆਂ ਰੋਅਜ਼, ਕਾਲਮਜ਼ ਅਤੇ _________ ਦਾ ਆਕਾਰ ਬਦਲਿਆ ਜਾ ਸਕਦਾ ਹੈ।

ਉੱਤਰ: I. ਟੇਬਲ II. ਇਨਸਰਟ III. ਸਪਲਿੱਟ IV. ਸੈੱਲ

### ਪ੍ਰਸ਼ਨ:4 ਛੋਟੇ ਉਤਰਾਂ ਵਾਲੇ ਪ੍ਰਸ਼ਨ।





**ਪ੍ਰ:1 ਟੇਬਲ ਨੂੰ ਪਰਿਭਾਸ਼ਿਤ ਕਰੋ।**
ੳ: ਟੇਬਲ ਡਾਟੇ ਨੂੰ ਰੋਅਜ਼ ਅਤੇ ਕਾਲਮਜ਼ ਵਿਚ ਲਿਖਣ ਦਾ ਇਕ ਆਸਾਨ ਤਰੀਕਾ ਹੈ। ਟੇਬਲ ਦੀ ਵਰਤੋਂ ਅਕਸਰ ਡਾਟਾ ਨੂੰ ਤਰਤੀਵ-ਵਾਰ ਰੂਪ ਵਿਚ ਪੇਸ਼ ਕਰਨ ਲਈ ਕੀਤੀ ਜਾਂਦੀ ਹੈ। ਟੇਬਲ ਰੋਅਜ਼ ਅਤੇ ਕਾਲਮਜ਼ ਦੇ ਮੇਲ ਨਾਲ ਬਣਦਾ ਹੈ।





**ਪ੍ਰ:2 ਵਰਡ ਡਾਕੂਮੈਂਟ ਵਿਚ ਟੇਬਲ ਦਾਖਲ ਕਰਨ ਦੇ ਵੱਖ-ਵੱਖ ਤਰੀਕਿਆਂ ਦੇ ਨਾਂ ਲਿਖੋ।**
ੳ: ਵਰਡ ਡਾਕੂਮੈਂਟ ਵਿਚ ਟੇਬਲ ਦਾਖਲ ਕਰਨ ਦੇ ਵੱਖ-ਵੱਖ ਤਰੀਕੇ ਇਸ ਪ੍ਰਕਾਰ ਹਨ:
- Table ਬਟਨ ਦੀ ਵਰਤੋਂ ਨਾਲ
- Insert Table... ਆਪਸ਼ਨ ਦੀ ਵਰਤੋਂ ਨਾਲ
- Draw Table ਆਪਸ਼ਨ ਦੀ ਵਰਤੋਂ ਨਾਲ

**ਪ੍ਰ:3 ਸਪਲਿੱਟ ਸੈੱਲ ਆਪਸ਼ਨ ਦੀ ਵਰਤੋਂ ਸੰਬੰਧੀ ਦੱਸੋ।**
ੳ: ਟੇਬਲ ਵਿਚ ਸੈੱਲ ਨੂੰ ਸਪਲਿੱਟ ਕਰਨ ਦਾ ਅਰਥ ਹੈ ਉਸਨੂੰ ਦੋ ਜਾਂ ਦੋ ਤੋਂ ਜਿਆਦਾ ਸੈੱਲਾਂ ਵਿਚ ਵੰਡਣਾ। ਸੈਲ ਨੂੰ ਸਪਲਿੱਟ ਕਰਨ ਸੰਬੰਧੀ ਆਪਸ਼ਨ Table Tools ਦੇ Layout ਟੈਬ ਵਿਚ ਮੌਜੂਦ ਹੁੰਦੀ ਹੈ।



**ਪ੍ਰ:4 ਮਰਜਡ ਸੈੱਲ ਆਪਸ਼ਨ ਦੀ ਵਰਤੋਂ ਸੰਬੰਧੀ ਦੱਸੋ।**
**ਉ: ਮਰਜ ਸੈਲ ਦਾ ਅਰਥ ਹੈ ਟੇਬਲ ਵਿਚ ਦੋ ਜਾਂ ਦੋ ਤੋਂ ਵੱਧ ਸੈਲਾਂ ਨੂੰ ਇੱਕਠਾ ਕਰਕੇ ਇਕ ਸੈਲ ਬਨਾਉਣਾ। ਸੈਲਾਂ ਨੂੰ ਮਰਜ ਕਰਨ ਸੰਬੰਧੀ ਆਪਸ਼ਨ Table Tools ਦੇ Layout ਟੈਬ ਵਿਚ ਮੌਜੂਦ ਹੁੰਦੀ ਹੈ।**





**ਪ੍ਰ:5 ਟੇਬਲ ਸੈੱਲ ਵਿੱਚ ਡਾਟਾ ਕਿਵੇਂ ਭਰਿਆ ਜਾ ਸਕਦਾ ਹੈ?**
**ਉ: ਉਸ ਸੈੱਲ ਉਪਰ ਕਲਿੱਕ ਕਰੋ ਜਿਸ ਵਿਚ ਤੁਸੀਂ ਡਾਟਾ ਦਾਖਲ ਕਰਨਾ ਚਾਹੁੰਦੇ ਹੋ। ਹੁਣ ਸੈਲ ਵਿਚ ਡਾਟਾ ਟਾਈਪ ਕਰੋ। ਟੇਬਲ ਦੇ ਅਗਲੇ ਸੈਲ ਵਿਚ ਜਾਣ ਲਈ Tab ਕੀਅ ਜਾਂ ਰਾਈਟ ਐਰੋ (Right Arrow) ਕੀਅ ਦੀ ਵਰਤੋਂ ਕਰੋ। ਇਸੇ ਤਰ੍ਹਾਂ ਕਿਸੇ ਵੀ ਸੈਲ ਤੋਂ ਪਿਛਲੇ ਸੈਲ ਵਿਚ ਜਾਣ ਲਈ Shift+Tab ਕੀਅਜ਼ ਜਾਂ ਲੈਫਟ ਐਰੋ (Left Arrow) ਦੀ ਵਰਤੋਂ ਕਰੋ।**

## ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਤੁਸੀਂ ਆਪਣੇ ਡਾਕੂਮੈਂਟ ਵਿਚ ਟੇਬਲ ਕਿਸ ਤਰ੍ਹਾਂ ਇਨਸਰਟ ਕਰੋਗੇ? ਕਿਸੇ ਇਕ ਤਰੀਕੇ ਦਾ ਵਰਨਣ ਕਰੋ।**
**ਉ: ਡਾਕੂਮੈਂਟ ਵਿਚ ਟੇਬਲ ਇਨਸਰਟ ਕਰਨ ਦੇ ਕਈ ਤਰੀਕੇ ਹਨ। ਐਮ.ਐਸ. ਵਰਡ ਵਿਚ ਟੇਬਲ ਦਾਖਲ ਕਰਨ ਦਾ ਇਕ ਅਸਾਨ ਤਰੀਕਾ ਹੇਠਾਂ ਦਿੱਤਾ ਗਿਆ ਹੈ:**

1. **Insert ਟੈਬ ਵਿਚ Table ਬਟਨ ਉਪਰ ਕਲਿੱਕ ਕਰੋ।**
2. **ਡਰਾਪ ਡਾਊਨ ਮੀਨੂੰ ਵਿਚੋਂ Insert Table ਆਪਸ਼ਨ ਉਪਰ ਕਲਿੱਕ ਕਰੋ।**
3. **Insert Table ਡਾਇਲਾਗ ਬਾਕਸ ਨਜ਼ਰ ਆਵੇਗਾ।**
4. **ਜਰੂਰਤ ਅਨੁਸਾਰ ਕਾਲਮਜ਼ ਅਤੇ ਰੋਅਜ਼ ਦੀ ਗਿਣਤੀ ਦਾਖਲ ਕਰੋ।**
5. **OK ਬਟਨ ਓਪ ਕਲਿੱਕ ਕਰੋ।**




**ਪ੍ਰ:2 Layout ਟੈਬ ਦੇ Properties ਬਟਨ ਦਾ ਵਰਨਣ ਕਰੋ।**
**ਉ: ਜਦੋਂ ਅਸੀਂ ਵਰਡ ਡਾਕੂਮੈਂਟ ਵਿਚ ਕਿਸੇ ਟੇਬਲ ਉਪਰ ਕਲਿੱਕ ਕਰਦੇ ਹਾਂ ਤਾਂ ਸਾਨੂੰ ਟੇਬਲ ਨਾਲ ਸੰਬੰਧਤ Layout1 ਟੈਬ ਦਿਖਾਈ ਦੇਵੇਗਾ। ਇਬ ਟੈਬ ਰੀਬਨ ਦੇ ਖੱਬੇ ਪਾਸੇ Table ਗਰੁੱਪ ਵਿਚ Properties ਬਟਨ ਮੌਜੂਦ ਹੁੰਦਾ ਹੈ ਜਿਸ ਨਾਲ ਟੇਬਲ ਦੀਆਂ ਪ੍ਰਾਪਰਟੀਜ਼ ਨਾਲ ਸੰਬੰਧਤ ਡਾਇਲਾਗ ਬਾਕਸ ਖੁੱਲ ਜਾਂਦਾ ਹੈ। ਇਸ ਡਾਇਲਾਗ ਬਾਕਸ ਨਾਲ ਅਸੀਂ ਟੇਬਲਜ਼ ਉਪਰ ਹੇਠ ਲਿਖੇ ਮੁੱਖ ਕੰਮ ਕਰ ਸਕਦੇ ਹਾਂ:**

- **ਟੇਬਲ ਦੀ ਅਲਾਈਨਮੈਂਟ ਸੈਟ ਕਰ ਸਕਦੇ ਹਾਂ।**
- **ਟੇਬਲ ਦੀਆਂ ਰੋਅਜ਼ ਦੀ ਉਚਾਈ ਬਦਲ ਸਕਦੇ ਹਾਂ।**
- **ਟੇਬਲ ਦੇ ਕਾਲਮਜ਼ ਦੀ ਚੌੜਾਈ ਬਦਲ ਸਦਕੇ ਹਾਂ।**
- **ਸੈੱਲਾਂ ਦਾ ਆਕਾਰ ਆਦਿ ਬਦਲ ਸਕਦੇ ਹਾਂ।**

